ਪ੍ਰੋਫੈਸਰ ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ਼ ਫਿਜੀਕਲ ਐਜੂਕੇਸ਼ਨ, ਪਟਿਆਲਾ

ਈ-ਮੇਲ :- gcpe_patiala@yahoo.in, ਫੋਨ ਨੰ. 0175-2228303

ਪੱਤਰ ਨੰ. PGSGCPE/2026/ 2075 ਮਿਤੀ:- 01/09/26

## ਨੋਟਿਸ

**ਵਿਸ਼ਾ:-** **ਕਾਲਜ ਵਿੱਚ ਪਈ ਨਾ-ਵਰਤਣਯੋਗ ਰੱਦੀ ਅਤੇ ਨਾ-ਵਰਤਣਯੋਗ ਕਬਾੜ ਲੋਹੇ ਦੇ ਸਮਾਨ ਦੀ ਵਿਕਰੀ ਸੰਬੰਧੀ।**

**ਹਵਾਲਾ:-** **ਇਸ ਕਾਲਜ ਵੱਲੋਂ ਜਾਰੀ ਨੋਟਿਸ ਪੱਤਰ ਨੰ. PGSGCPE/2026/2033 ਮਿਤੀ 28.08.2026 ਸੰਬੰਧੀ।**

ਕਾਲਜ ਵਿੱਚ ਪਈ ਨਾ-ਵਰਤਣਯੋਗ ਰੱਦੀ ਅਤੇ ਨਾ-ਵਰਤਣਯੋਗ ਕਬਾੜ ਲੋਹੇ ਦੇ ਸਮਾਨ ਨੂੰ ਖਰੀਦਣ ਵਾਲੇ ਵਿਅਕਤੀਆਂ/ਠੇਕੇਦਾਰਾਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ ਫਿਜੀਕਲ ਐਜੂਕੇਸ਼ਨ, ਪਟਿਆਲਾ ਦੇ ਕੈਂਪਸ ਵਿੱਚ ਮੌਜੂਦ ਨਾ-ਵਰਤਣਯੋਗ ਰੱਦੀ ਅਤੇ ਨਾ-ਵਰਤਣਯੋਗ ਕਬਾੜ ਲੋਹੇ ਦੇ ਸਮਾਨ ਦੀ ਵਿਕਰੀ ਕੀਤੀ ਜਾਣੀ ਹੈ। ਇਹ ਵਿਕਰੀ ਬੋਲੀ ਰਾਂਹੀ ਮਿਤੀ 04.09.2026 ਨੂੰ ਦੁਪਹਿਰ 2.30 ਵਜੇ ਕਾਲਜ ਕੈਂਪਸ ਵਿੱਚ ਰੱਖੀ ਗਈ ਸੀ। ਮਿਤੀ 04.09.2026 ਨੂੰ ਗਜਟਿਡ ਛੁੱਟੀ ਹੋਣ ਕਰਕੇ ਹੁਣ ਇਹ ਬੋਲੀ ਮਿਤੀ 08.09.2026 ਨੂੰ 2.30 ਵਜੇ ਕਾਲਜ ਕੈਂਪਸ ਵਿੱਚ ਕੀਤੀ ਜਾਵੇਗੀ।

ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. **ਸਮਾਨ:** ਕਾਲਜ ਕੈਂਪਸ ਵਿੱਚ ਮੌਜੂਦ ਨਾ-ਵਰਤਣਯੋਗ ਰੱਦੀ ਅਤੇ ਨਾ-ਵਰਤਣਯੋਗ ਕਬਾੜ ਲੋਹੇ ਦੇ ਸਮਾਨ
2. **ਸਥਾਨ:** ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ ਫਿਜੀਕਲ ਐਜੂਕੇਸ਼ਨ, ਪਟਿਆਲਾ।
3. **ਨਿਰੀਖਣ:** ਇਛੁੱਕ ਬੋਲੀਕਾਰ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਕਾਲਜ ਦਫ਼ਤਰ ਦੀ ਆਗਿਆ ਨਾਲ ਮੌਜੂਦ ਨਾ-ਵਰਤਣਯੋਗ ਰੱਦੀ ਅਤੇ ਨਾ-ਵਰਤਣਯੋਗ ਕਬਾੜ ਲੋਹੇ ਦੇ ਸਮਾਨ ਦਾ ਨਿਰੀਖਣ ਕਰ ਸਕਦੇ ਹਨ।
4. **ਸ਼ਰਤਾਂ:-**

   I. ਮਨਜ਼ੂਰੀ ਮਿਲਣ ਤੋਂ ਬਾਅਦ ਬੋਲੀਕਾਰ ਡਿਮਾਂਡ ਡਰਾਫਟ, ਪ੍ਰਿੰਸੀਪਲ, ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ ਫਿਜੀਕਲ ਐਜੂਕੇਸ਼ਨ, ਪਟਿਆਲਾ ਦੇ ਨਾਮ ਤੇ ਜਮ੍ਹਾਂ ਕਰਵਾਏਗਾ ਅਤੇ ਇਸ ਤੋਂ ਬਾਅਦ ਹੀ ਸਮਾਨ ਲਿਜਾਣ ਦੀ ਆਗਿਆ ਹੋਵੇਗੀ।

   II. ਕਾਮਯਾਬ ਬੋਲੀਕਾਰ ਆਪਣੇ ਖਰਚੇ ਤੇ ਮੌਜੂਦ ਨਾ-ਵਰਤਣਯੋਗ ਰੱਦੀ ਅਤੇ ਨਾ-ਵਰਤਣਯੋਗ ਕਬਾੜ ਲੋਹੇ ਦੇ ਸਮਾਨ ਦੀ ਲੋਡਿੰਗ ਕਾਲਜ ਕੈਂਪਸ ਤੋਂ ਉਠਾਉਣ ਲਈ ਜ਼ਿੰਮੇਵਾਰ ਹੋਵੇਗਾ।

   III. ਕਾਲਜ ਪ੍ਰਬੰਧਕਾਂ ਨੂੰ ਕਿਸੇ ਵੀ ਬੋਲੀ ਨੂੰ ਮਨਜ਼ੂਰ ਜਾਂ ਰੱਦ ਕਰਨ ਦਾ ਪੂਰਾ ਅਧਿਕਾਰ ਹੋਵੇਗਾ।

ਪ੍ਰਿੰਸੀਪਲ